ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-3 ਸ਼ਾਖਾ)

ਹੁਕਮ

ਸਿਵਲ ਰਿਟ ਪਟੀਸ਼ਨ ਨੰ: 23167 ਆਫ 2011 ਡੀ.ਏ.ਵੀ. ਹਾਈ ਸਕੂਲ ਫਾਜ਼ਿਲਕਾ ਬਨਾਮ ਪੰਜਾਬ ਸਰਕਾਰ ਅਤੇ ਹੋਰ ਵਿਚ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਦਿੱਤੇ ਗਏ ਹੁਕਮਾਂ ਦੇ ਸਨਮੁੱਖ ਮੰਤਰੀ ਪ੍ਰੀਸ਼ਦ ਦੀ ਮਿਤੀ 08/07/2014 ਨੂੰ ਹੋਈ ਮੀਟਿੰਗ ਵਿਚ ਸਹਾਇਤਾ ਪ੍ਰਾਪਤ ਸਕੂਲਾਂ ਵਿਚ ਅਸਾਮੀਆਂ ਭਰਨ ਦੇ ਨਾਲ ਨਵੀਂ ਭਰਤੀ ਤੇ 70% ਹਿੱਸਾ ਪੰਜਾਬ ਸਰਕਾਰ ਅਤੇ 30% ਹਿੱਸਾ ਮੈਨੇਜਮੈਂਟ ਵਲੋਂ ਦਿੱਤਾ ਜਾਣ ਹੈ ਸਬੰਧੀ ਫੈਸਲਾ ਲਿਆ ਗਿਆ ਹੈ। ਮੰਤਰੀ ਪ੍ਰੀਸ਼ਦ ਵਲੋਂ ਲਏ ਗਏ ਫੈਸਲੇ ਅਨੁਸਾਰ ਦਿੱਲੀ ਸਕੀਮ ਆਫ ਗ੍ਰਾਂਟ -ਇੰਨ ਏਡ ਫਾਰ ਪ੍ਰਾਈਵੇਟਲੀ ਮੈਨੇਜਡ ਸਕੂਲ ਵਿਚ ਸੋਧ ਕਰਦੇ ਹੋਏ ਨੋਟੀਫਿਕੇਸ਼ਨ ਨੰ: 10/9/2002-4Edu3/421593/1-14 ਮਿਤੀ 24/02/2015 ਨੂੰ ਜਾਰੀ ਕੀਤੀ ਗਈ ਹੈ।

ਮੰਤਰੀ ਪ੍ਰੀਸ਼ਦ ਦੀ ਮਿਤੀ 03/08/2015 ਨੂੰ ਹੋਈ ਮੀਟਿੰਗ ਵਿਚ ਲਏ ਗਏ ਫੈਸਲੇ ਅਨੁਸਾਰ THE PUNJAB PRIVATELY MANAGED RECOGNISED SCHOOLS EMPLOYEES (SECURITY OF SERVICE) RULES, 1981 ਵਿਚ ਯੋਗਤਾ ਅਤੇ ਤਜਰਬੇ ਸਬੰਧੀ ਲੋੜੀਂਦੀ ਸੋਧ ਕਰਦੇ ਹੋਏ ਨੋਟੀਫਿਕੇਸ਼ਨ ਨੰ: G.S.R. 46./ P.A 18/1979 / S.15/Amd.(5)2015 ਮਿਤੀ 11/08/ 2015 ਨੂੰ ਜਾਰੀ ਕੀਤੀ ਗਈ ਹੈ।

ਲੋਕ ਹਿੱਤ ਵਿਚ ਸਰਕਾਰ ਵਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਪੰਜਾਬ ਰਾਜ ਦੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿਚ ਭਰਤੀ ਕਰਨ ਸਮੇਂ ਪੰਜਾਬ ਸਰਕਾਰ ਦੀ ਰਿਜ਼ਰਵੇਸ਼ਨ ਪਾਲਿਸੀ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਮਿਤੀ, ਚੰਡੀਗੜ੍ਹ

02.09.2015

ਸੀ.ਰਾਊਲ

ਪ੍ਰਮੁੱਖ ਸਕੱਤਰ ਸਕੂਲ ਸਿੱਖਿਆ

ਸਿੱਖਿਆ ਵਿਭਾਗ (ਸਕੂਲਜ਼)

ਪਿੱਠ ਅੰਕਣ ਨੰ: 10/9/2002-4ਸਿ3/581583/1 ਮਿਤੀ ਚੰਡੀਗੜ੍ਹ 4-9-15

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਕਰਨ ਲਈ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ।
2. ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ:) ਪੰਜਾਬ।
3. ਸਮੂਹ ਮੰਡਲ ਸਿੱਖਿਆ ਅਫਸਰ ਜਲੰਧਰ, ਨਾਭਾ , ਫਰੀਦਕੋਟ।

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)/ਐ:ਸਿ: ।

ਸੁਪਰਡੈਂਟ

ਕਾਪੀ ਟੂ:

ਨਿ. ਸ./ ਮਾਨਯੋਗ ਸਿੱਖਿਆ ਮੰਤਰੀ , ਪੰਜਾਬ।

ਨਿ. ਸ./ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ।

ਨਿ. ਸ. / ਵਿਸ਼ੇਸ ਸਕੱਤਰ ਸਕੂਲ ਸਿੱਖਿਆ

ਰਿਕਾਰਡ